**International Journal of Research in Social Sciences**
Vol. 7 Issue 3, March 2017,
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

# 1909 ਈ. ਦਾ ਇੰਡੀਅਨ ਕੌਂਸਿਲਜ਼ ਐਕਟ

**ਮਨਦੀਪ ਕੌਰ**,
ਐਮ.ਏ. (ਇਤਿਹਾਸ), ਗੋਲਡ ਮੈਡਲਿਸਟ।

**ਸਾਰ:-** 1892 ਈ. ਦੇ ਐਕਟ ਨਾਲ ਭਾਰਤੀ ਰਾਸ਼ਟਰਵਾਦੀ ਸੰਤੁਸ਼ਟ ਨਾ ਹੋਏ। ਇਸ ਐਕਟ ਰਾਹੀਂ ਸਥਾਪਿਤ ਕੀਤੀਆਂ ਲੈਜਿਸਲੇਟਿਵ ਕੌਂਸਿਲਾਂ ਕਾਫ਼ੀ ਦੋਸ਼-ਪੂਰਨ ਸਨ ਅਤੇ ਕੇਂਦਰੀ ਲੈਜਿਸਲੇਟਿਵ ਕੌਂਸਿਲ ਦੇ ਮੈਂਬਰਾਂ ਦੀ ਗਿਣਤੀ ਬਹੁਤ ਘੱਟ ਸੀ। ਇਸ ਤੋਂ ਇਲਾਵਾ ਪ੍ਰਾਂਤਕ ਲੈਜਿਸਲੇਟਿਵ ਕੌਂਸਿਲਾਂ ਦੇ ਮੈਂਬਰਾਂ ਨੂੰ ਅਧਿਕਾਰ ਵੀ ਬਹੁਤ ਘੱਟ ਦਿੱਤੇ ਸਨ ਅਤੇ ਉਨ੍ਹਾਂ ਦੀਆਂ ਸ਼ਕਤੀਆਂ ਵੀ ਬਹੁਤ ਘੱਟ ਸਨ। 1892 ਈ. ਦਾ ਐਕਟ ਪਾਸ ਹੋਣ ਤੋਂ ਕੁੱਝ ਸਮਾਂ ਬਾਅਦ ਹੀ ਭਾਰਤੀਆਂ ਵਿੱਚ ਰਾਜਨੀਤਿਕ ਅਸੰਤੋਖ ਵਧਣਾ ਸ਼ੁਰੂ ਹੋ ਗਿਆ। ਰਾਸ਼ਟਰੀ ਅੰਦੋਲਨ ਵੀ ਆਪਣੇ ਪੈਰ ਪਸਾਰਦਾ ਗਿਆ। ਦੇਸ਼ ਦੇ ਅੰਦਰ ਅਤੇ ਬਾਹਰ ਹੋਣ ਵਾਲੀਆਂ ਘਟਨਾਵਾਂ ਨੇ ਹਾਲਾਤਾਂ ਨੂੰ ਬਹੁਤ ਗੰਭੀਰ ਬਣਾ ਦਿੱਤਾ। ਜਿਸ ਕਰਕੇ ਬ੍ਰਿਟਿਸ਼ ਸਰਕਾਰ ਨੇ ਭਾਰਤੀਆਂ ਵਿੱਚ ਬ੍ਰਿਟਿਸ਼ ਸ਼ਾਸਨ ਪ੍ਰਤੀ ਵਧਦਾ ਗੁੱਸਾ ਦੇਖ ਕੇ 1909 ਈ. ਦੇ ਐਕਟ ਦੇ ਰੂਪ ਵਿੱਚ ਕੁੱਝ ਸੰਵਿਧਾਨਿਕ ਰਿਆਇਤਾਂ ਦਿੱਤੀਆਂ। ਜੇਕਰ ਬ੍ਰਿਟਿਸ਼ ਸਰਕਾਰ ਭਾਰਤੀਆਂ ਨਾਲ 1892 ਈ. ਦੇ ਐਕਟ ਰਾਹੀਂ ਹੱਦ ਤੋਂ ਵੱਧ ਬੁਰਾ ਸਲੂਕ ਨਾ ਕਰਦੀ ਤਾਂ ਸ਼ਾਇਦ 1909 ਈ. ਦੇ ਐਕਟ ਨੂੰ ਪਾਸ ਕਰਨ ਦੀ ਲੋੜ ਹੀ ਨਾ ਪੈਂਦੀ। ਬ੍ਰਿਟਿਸ਼ ਸਰਕਾਰ ਨੂੰ ਇਹ ਪਤਾ ਨਹੀਂ ਸੀ ਕਿ ਸਾਡੇ ਵੱਲੋਂ ਭਾਰਤੀਆਂ ਨਾਲ ਕੀਤਾ ਜਾ ਰਿਹਾ ਬੁਰਾ ਸਲੂਕ ਸਾਡੇ ਸ਼ਾਸਨ ਪ੍ਰਤੀ ਇੰਨੀਆਂ ਮੁਸ਼ਕਿਲਾਂ ਸਾਨੂੰ ਹੀ ਖੜ੍ਹੀਆਂ ਕਰੇਗਾ।

**ਮੁੱਖ ਸ਼ਬਦ:-** 1892 ਈ. ਦਾ ਐਕਟ, 1909 ਈ. ਦਾ ਐਕਟ, ਭਾਰਤੀ ਲੋਕ, ਬ੍ਰਿਟਿਸ਼ ਸਰਕਾਰ, ਭਾਰਤ।

**ਜਾਣ-ਪਛਾਣ:-** 1892 ਈ. ਦਾ ਐਕਟ ਭਾਰਤੀਆਂ ਦੀਆਂ ਇੱਛਾਵਾਂ ਨੂੰ ਪੂਰਾ ਨਾ ਕਰ ਸਕਿਆ, ਜਿਸ ਕਰਕੇ ਭਾਰਤੀਆਂ ਵੱਲੋਂ ਹੋਰ ਸੁਧਾਰ ਕੀਤੇ ਜਾਣ ਦੀ ਮੰਗ ਕੀਤੀ ਗਈ। ਭਾਰਤ ਵਿੱਚ ਫ਼ੈਲੀ ਅਰਾਜਕਤਾ ਨੂੰ ਦੂਰ ਕਰਨ ਲਈ 1909 ਈ. ਵਿੱਚ ਭਾਰਤ ਸਰਕਾਰ ਵੱਲੋਂ ਇੱਕ ਐਕਟ ਪਾਸ ਕੀਤਾ ਗਿਆ। ਇਸ ਐਕਟ ਨੂੰ 'ਮਿੰਟੋ-ਮਾਰਲੇ ਸੁਧਾਰ' ਦਾ ਨਾਂ ਵੀ ਦਿੱਤਾ ਗਿਆ। 1892 ਈ. ਦਾ ਐਕਟ ਬਣੇ ਨੂੰ ਬਹੁਤ ਸਮਾਂ ਬੀਤ ਗਿਆ ਸੀ। ਸਮਾਂ ਬੀਤ ਜਾਣ ਕਾਰਨ ਭਾਰਤ ਦੇ ਹਾਲਾਤ ਵੀ ਪੂਰੀ ਤਰ੍ਹਾਂ ਨਾਲ ਬਦਲ ਗਏ ਸਨ। ਭਾਰਤ ਦੇ ਲੋਕ ਬਹੁਤ ਜ਼ਿਆਦਾ ਨਵੀਆਂ ਮੰਗਾਂ ਦੀ ਮੰਗ ਕਰ ਰਹੇ ਸਨ।[1]

**1892 ਈ. ਦੇ ਐਕਟ ਨਾਲ ਅਸੰਤੁਸ਼ਟੀ-** 1892 ਈ. ਦੇ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਨੇਤਾਵਾਂ ਅਤੇ ਪੜ੍ਹੇ-ਲਿਖੇ ਲੋਕਾਂ ਨੇ ਮੰਗ ਰੱਖੀ ਸੀ ਕਿ ਲੈਜਿਸਲੇਟਿਵ ਵਿੱਚ ਜ਼ਿਆਦਾ ਭਾਰਤੀਆਂ ਨੂੰ ਚੁਣਿਆ ਜਾਵੇ ਤਾਂ ਕਿ ਕਾਨੂੰਨ ਭਾਰਤੀ ਮੈਂਬਰ ਹੀ ਬਣਾਉਣ ਕਿਉਂਕਿ ਅੰਗਰੇਜ਼ਾਂ ਨੂੰ ਭਾਰਤੀਆਂ ਬਾਰੇ ਵਧੇਰੇ ਜਾਣਕਾਰੀ ਨਹੀਂ ਹੈ। ਜਦੋਂ 1892 ਈ. ਦਾ ਕਾਨੂੰਨ ਬਣਿਆ ਤਾਂ ਉਸ ਸਮੇਂ ਭਾਰਤੀਆਂ ਦੀ ਗਿਣਤੀ ਵਿੱਚ ਥੋੜ੍ਹਾ ਜਿਹਾ ਵਾਧਾ ਕਰ ਦਿੱਤਾ ਗਿਆ। 1892 ਈ. ਦੇ ਐਕਟ ਦੀਆਂ ਧਾਰਾਵਾਂ ਇਸ ਤਰ੍ਹਾਂ ਹਨ:

- ਕੋਈ ਵੀ ਮੈਂਬਰ ਲੈਜਿਸਲੇਟਿਵ ਵਿੱਚ ਸਵਾਲ ਨਹੀਂ ਪੁੱਛੇਗਾ।
- ਬਜਟ 'ਤੇ ਕੋਈ ਵੀ ਗੱਲਬਾਤ ਨਹੀਂ ਹੋਵੇਗੀ।
- ਭਾਰਤੀ ਲੋਕਾਂ ਨੂੰ ਕਿਸੇ ਕਿਸਮ ਦੀ ਕੋਈ ਸ਼ਕਤੀ ਨਾ ਦਿੱਤੀ ਗਈ ਅਤੇ ਕੇਵਲ ਚੁੱਪ-ਚਾਪ ਹੀ ਬੈਠਣ ਲਈ ਕਿਹਾ ਗਿਆ।

**ਕਰਜ਼ਨ ਦੀ ਦਮਨਕਾਰੀ ਨੀਤੀ-** ਲਾਰਡ ਕਰਜ਼ਨ ਦੀ ਦਮਨਕਾਰੀ ਨੀਤੀ ਭਾਰਤੀਆਂ ਲਈ ਚੰਗੀ ਨਹੀਂ ਸੀ। ਉਸ ਦੀ ਦਮਨਕਾਰੀ ਨੀਤੀ 'ਤੇ ਚੱਲਦਿਆਂ ਅੰਗਰੇਜ਼ਾਂ ਨੇ ਪ੍ਰੈੱਸ 'ਤੇ ਪੂਰੀ ਤਰ੍ਹਾਂ ਨਾਲ ਰੋਕ ਲਗਾ ਦਿੱਤੀ ਅਤੇ ਕੋਈ ਵੀ ਭਾਰਤੀ ਆਪਣੇ ਕੋਲ ਹਥਿਆਰ ਨਹੀਂ ਰੱਖ ਸਕਦਾ ਸੀ। ਇਹ ਐਲਾਨ ਲਾਰਡ ਲਿਟਨ ਦੇ ਸਮੇਂ ਹੋਇਆ। ਯੂਨੀਵਰਸਿਟੀਆਂ ਨੂੰ ਸਰਕਾਰੀ ਕੰਟਰੋਲ ਹੇਠ ਲਿਆਂਦਾ ਗਿਆ। ਕਰਜ਼ਨ ਨੇ ਇਲਾਹਾਬਾਦ ਵਿੱਚ ਇੱਕ ਦਰਬਾਰ ਲਗਾਇਆ, ਜਿਸ 'ਤੇ ਕਰੋੜਾਂ ਰੁਪਏ ਖ਼ਰਚ

[1] S.R. Mehrotra, *Towards India's Freedom and Partition*, Vikas Publishing House Pvt. Ltd., New Delhi, 1979, p. 115.

**International Journal of Research in Social Sciences**
Vol. 7 Issue 3, March 2017,
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

ਕੀਤੇ ਗਏ।[2]

**ਸਿੱਖਿਆ ਦਾ ਵਿਸਥਾਰ-** 1935 ਈ. ਵਿੱਚ ਅੰਗਰੇਜ਼ੀ ਸਿੱਖਿਆ ਸੰਬੰਧੀ ਇੱਕ ਨਵੀਂ ਨੀਤੀ ਬਣਾਈ ਗਈ। ਜਿਸ ਅਧੀਨ ਭਾਰਤ ਵਿੱਚ ਅੰਗਰੇਜ਼ੀ ਸਿੱਖਿਆ ਸ਼ੁਰੂ ਕੀਤੀ ਗਈ। ਹੁਣ ਸ਼ਹਿਰਾਂ ਵਿੱਚ ਲੋਕ ਬਹੁਤ ਪੜ੍ਹ-ਲਿਖ ਗਏ ਸਨ। ਭਾਰਤ ਵਿੱਚ ਚੱਲ ਰਹੀਆਂ ਬ੍ਰਿਟਿਸ਼ ਸਰਕਾਰ ਦੀਆਂ ਨੀਤੀਆਂ ਬਾਰੇ ਭਾਰਤੀ ਲੋਕਾਂ ਨੂੰ ਗਿਆਨ ਹੋ ਗਿਆ ਅਤੇ ਉਨ੍ਹਾਂ ਨੂੰ ਬ੍ਰਿਟਿਸ਼ ਸਰਕਾਰ ਦੀਆਂ ਨੀਤੀਆਂ ਬਾਰੇ ਚੰਗੀ ਤਰ੍ਹਾਂ ਸਮਝ ਆ ਗਈ। ਭਾਰਤੀ ਲੋਕਾਂ ਨੂੰ ਭਾਰਤੀ ਅਤੇ ਵਿਦੇਸ਼ੀ ਸਾਹਿਤ ਬਾਰੇ ਪੜ੍ਹ ਕੇ ਇਹ ਪਤਾ ਚੱਲਿਆ ਕਿ ਲੋਕ ਕਿਸ ਤਰ੍ਹਾਂ ਆਜ਼ਾਦੀ ਦੀ ਲੜਾਈ ਲਈ ਲੜ ਰਹੇ ਹਨ। ਪੜ੍ਹੇ-ਲਿਖੇ ਲੋਕ ਹੁਣ ਬ੍ਰਿਟਿਸ਼ ਸਰਕਾਰ ਤੋਂ ਨਵੀਆਂ ਮੰਗਾਂ ਕਰਨ ਲੱਗੇ।[3]

**ਧਾਰਮਿਕ ਅਤੇ ਸਮਾਜ ਸੁਧਾਰ ਅੰਦੋਲਨ-** 19ਵੀਂ ਸਦੀ ਦੇ ਅਖ਼ੀਰਲੇ ਸਮੇਂ ਭਾਰਤ ਵਿੱਚ ਬਹੁਤ ਸਾਰੇ ਧਾਰਮਿਕ ਅਤੇ ਸਮਾਜ ਸੁਧਾਰ ਅੰਦੋਲਨ, ਜਿਸ ਤਰ੍ਹਾਂ ਸਿੰਘ ਸਭਾ ਲਹਿਰ, ਆਰੀਆ ਸਮਾਜ, ਬ੍ਰਹਮੋ ਸਮਾਜ, ਅਲੀਗੜ੍ਹ ਅੰਦੋਲਨ ਆਦਿ ਸ਼ੁਰੂ ਹੋਏ। ਇਨ੍ਹਾਂ ਨੇ ਸਿੱਖਿਆ, ਜਾਤ-ਪਾਤ, ਇਸਤਰੀਆਂ ਦੀ ਸਥਿਤੀ ਅਤੇ ਅੰਧ-ਵਿਸ਼ਵਾਸ ਬਾਰੇ ਲੋਕਾਂ ਨੂੰ ਦੱਸਿਆ। ਇਨ੍ਹਾਂ ਨੇ ਬ੍ਰਿਟਿਸ਼ ਸਰਕਾਰ ਦੀਆਂ ਚੰਗੀਆਂ ਨੀਤੀਆਂ ਦੀ ਪ੍ਰਸੰਸਾ ਕੀਤੀ ਅਤੇ ਨਾਲ ਹੀ ਸਰਕਾਰ ਦੀਆਂ ਮਾੜੀਆਂ ਨੀਤੀਆਂ ਦੀ ਆਲੋਚਨਾ ਵੀ ਕੀਤੀ। ਭਾਰਤੀ ਲੋਕ ਹੁਣ ਨਵੀਆਂ ਨੀਤੀਆਂ ਤਿਆਰ ਕਰਨ ਦੀ ਮੰਗ ਵੀ ਕਰਨ ਲੱਗੇ ਸਨ।

**ਨਵੇਂ ਨੌਜਵਾਨ ਨੇਤਾਵਾਂ ਦਾ ਉੱਭਾਰ-** ਸਭ ਤੋਂ ਪਹਿਲਾਂ ਨੌਜਵਾਨ ਬਾਲ ਗੰਗਾਧਰ ਤਿਲਕ ਇੱਕ ਨੇਤਾ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਇਆ। ਉਸ ਨੇ ਸਭ ਤੋਂ ਪਹਿਲਾਂ ਕਾਂਗਰਸ ਪਾਰਟੀ 'ਚੋਂ ਗੋਪਾਲ ਕ੍ਰਿਸ਼ਨ ਗੋਖਲੇ ਨੂੰ ਬਾਹਰ ਕੱਢਿਆ। ਬਾਲ ਗੰਗਾਧਰ ਤਿਲਕ ਨੂੰ ਆਪਣੀਆਂ ਕ੍ਰਾਂਤੀਕਾਰੀ ਕਾਰਵਾਈਆਂ ਕਰਕੇ ਕਈ ਵਾਰੀ ਜੇਲ੍ਹ ਜਾਣਾ ਪਿਆ ਪਰ ਫਿਰ ਵੀ ਜੇਲ੍ਹ 'ਚੋਂ ਬਾਹਰ ਆ ਕੇ ਉਸ ਨੇ ਆਪਣੀਆਂ ਕਾਰਵਾਈਆਂ ਨੂੰ ਜਾਰੀ ਰੱਖਿਆ। ਬਾਲ ਗੰਗਾਧਰ ਤਿਲਕ ਨੇ ਨੌਜਵਾਨ ਵਰਗ ਨੂੰ ਅੱਗੇ ਆ ਕੇ ਆਪਣੇ ਦੇਸ਼ ਲਈ ਕੰਮ ਕਰਨ ਦੀ ਪ੍ਰੇਰਨਾ ਦਿੱਤੀ। ਬਾਲ ਗੰਗਾਧਰ ਤਿਲਕ ਅਤੇ ਬਿਪਨ ਚੰਦਰ ਪਾਲ ਵਰਗੇ ਨੌਜਵਾਨ ਨੇਤਾਵਾਂ ਨੇ ਕਾਂਗਰਸ ਦੀਆਂ ਨੀਤੀਆਂ ਵਿੱਚ ਇੱਕ ਨਵਾਂ ਪਰਿਵਰਤਨ ਲਿਆਂਦਾ। ਬਾਲ ਗੰਗਾਧਰ ਤਿਲਕ ਅਤੇ ਬਿਪਨ ਚੰਦਰ ਪਾਲ ਤੋਂ ਪਹਿਲਾਂ ਕਿਸੇ ਵੀ ਵਿਅਕਤੀ ਵਿੱਚ ਬ੍ਰਿਟਿਸ਼ ਸਰਕਾਰ ਦਾ ਵਿਰੋਧ ਕਰਨ ਦੀ ਹਿੰਮਤ ਨਹੀਂ ਸੀ।

**ਵਿਦੇਸ਼ਾਂ ਵਿੱਚ ਭਾਰਤੀ ਲੋਕਾਂ ਨਾਲ ਦੁਰ-ਵਿਵਹਾਰ-** ਭਾਰਤੀ ਲੋਕਾਂ ਨਾਲ ਯੂਰਪ ਦੇ ਦੇਸ਼ਾਂ ਵਿੱਚ ਅਤੇ ਅਫ਼ਰੀਕਾ ਵਿੱਚ ਅੰਗਰੇਜ਼ਾਂ ਨੇ ਬਹੁਤ ਮਾੜਾ ਸਲੂਕ ਕੀਤਾ। ਅੰਗਰੇਜ਼ ਭਾਰਤੀਆਂ ਨੂੰ ਆਪਣੇ ਮੁਕਾਬਲੇ ਬਹੁਤ ਘਟੀਆ ਸਮਝਦੇ ਸਨ ਅਤੇ ਭਾਰਤੀ ਲੋਕਾਂ ਨੂੰ ਕਾਲੇ ਲੋਕ ਕਹਿੰਦੇ ਸਨ। ਭਾਰਤੀ ਲੋਕ ਅੰਗਰੇਜ਼ਾਂ ਨਾਲ ਰੇਲ ਵਿੱਚ ਬੈਠ ਕੇ ਸਫ਼ਰ ਨਹੀਂ ਕਰ ਸਕਦੇ ਸਨ। ਭਾਰਤੀ ਲੋਕਾਂ ਦੀਆਂ ਤਨਖ਼ਾਹਾਂ ਵੀ ਅੰਗਰੇਜ਼ਾਂ ਨਾਲੋਂ ਬਹੁਤ ਘੱਟ ਸਨ। ਭਾਰਤੀ ਲੋਕਾਂ ਦੇ ਨਾਲ ਸਮਾਜਿਕ ਵਿਵਹਾਰ ਬਹੁਤ ਘਟੀਆ ਕੀਤਾ ਜਾਂਦਾ ਸੀ। ਨਵੇਂ ਨੇਤਾਵਾਂ ਨੇ ਇਹ ਸਵਾਲ ਚੁੱਕਿਆ ਕਿ ਵਿਦੇਸ਼ਾਂ ਵਿੱਚ ਰਹਿ ਰਹੇ ਭਾਰਤੀਆਂ ਦੀ ਸੁਰੱਖਿਆ ਸਰਕਾਰ ਕਰੇ ਅਤੇ ਉਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਦਾ ਕੋਈ ਭੇਦ-ਭਾਵ ਨਾ ਕੀਤਾ ਜਾਵੇ।[4]

**ਭਾਰਤ ਦਾ ਆਰਥਿਕ ਸ਼ੋਸ਼ਣ-** ਭਾਰਤ ਵਿੱਚ ਖੇਤੀਬਾੜੀ ਦਾ ਵਪਾਰੀਕਰਨ ਹੋ ਗਿਆ ਸੀ। ਭਾਰਤੀ ਉਦਯੋਗ ਬੰਦ ਹੋ ਗਏ ਸਨ, ਜਿਸ ਕਰਕੇ ਅਨੇਕਾਂ ਭਾਰਤੀ ਬੇਰੁਜ਼ਗਾਰ ਹੋ ਗਏ। ਭਾਰਤ 'ਚੋਂ ਵਿਦੇਸ਼ਾਂ ਵਿੱਚ ਮਾਲ ਜਾਣਾ ਬੰਦ ਹੋ ਗਿਆ ਅਤੇ ਇੰਗਲੈਂਡ 'ਚੋਂ ਲਗਾਤਾਰ ਮਾਲ ਭਾਰਤ ਆ ਰਿਹਾ ਸੀ। ਭਾਰਤ ਦਾ ਪੈਸਾ ਬ੍ਰਿਟਿਸ਼ ਅਧਿਕਾਰੀਆਂ ਦੀਆਂ ਤਨਖ਼ਾਹਾਂ ਵਿੱਚ ਜਾ ਰਿਹਾ ਸੀ, ਜਿਸ ਦਾ ਭਾਰਤ ਦੇ ਨੇਤਾਵਾਂ ਨੇ ਵਿਰੋਧ ਕੀਤਾ।[5]

**ਬੰਗਾਲ ਦੀ ਵੰਡ-** 1905 ਈ. ਵਿੱਚ ਬੰਗਾਲ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਗਿਆ- ਪੂਰਬੀ ਬੰਗਾਲ ਅਤੇ ਪੱਛਮੀ ਬੰਗਾਲ। ਇਹ ਸਭ ਬ੍ਰਿਟਿਸ਼ ਸਰਕਾਰ ਦਾ ਬਹਾਨਾ ਸੀ ਕਿ ਬੰਗਾਲ ਇੱਕ ਵੱਡਾ ਪ੍ਰਾਂਤ ਹੈ, ਜਿਸ 'ਤੇ ਕੰਟਰੋਲ ਨਹੀਂ ਕੀਤਾ ਜਾ ਸਕਦਾ।

---

2 Ibid.
3 V.B. Kulkarni, *British Dominion in India and After*, First Edition, Bharatiya Vidya Bhavan, Bombay, 1964, pp. 16-17.
4 P.E. Roberts, *History of British India: Under the Company and the Crown*, Second Edition, Oxford University Press, London, 1938, pp. 274-275.
5 Charles Bray Williams, *New Testament History and Literature*, The Western Baptist Publishing Co., Kansas, 1917, p. 108.

ਇਸ ਨੂੰ ਵੰਡਣ ਦਾ ਮੁੱਖ ਕਾਰਨ ਇਹ ਸੀ ਕਿ ਪੱਛਮੀ ਬੰਗਾਲ ਵਿੱਚ ਹਿੰਦੂਆਂ ਦੀ ਗਿਣਤੀ ਬਹੁਤ ਜ਼ਿਆਦਾ ਸੀ। ਅੰਗਰੇਜ਼ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਵੰਡ ਕਰਨਾ ਚਾਹੁੰਦੇ ਸਨ। ਜਦੋਂ ਪੜ੍ਹੇ-ਲਿਖੇ ਲੋਕਾਂ ਨੂੰ ਇਹ ਪਤਾ ਲੱਗਿਆ ਕਿ ਬ੍ਰਿਟਿਸ਼ ਸਰਕਾਰ ਇਹ ਸਭ ਕੁੱਝ ਜਾਣ-ਬੁੱਝ ਕੇ ਕਰ ਰਹੀ ਹੈ ਅਤੇ ਉਨ੍ਹਾਂ ਲਈ 'ਫੁੱਟ ਪਾਓ ਅਤੇ ਰਾਜ ਕਰੋ' ਦੀ ਨੀਤੀ ਅਪਣਾ ਰਹੀ ਹੈ ਤਾਂ ਉਨ੍ਹਾਂ ਨੇ ਬ੍ਰਿਟਿਸ਼ ਸਰਕਾਰ ਦੀ ਆਲੋਚਨਾ ਕਰਨੀ ਸ਼ੁਰੂ ਕਰ ਦਿੱਤੀ।[6]

**ਮੁਸਲਿਮ ਲੀਗ ਦੀ ਸਥਾਪਨਾ-** 1906 ਈ. ਵਿੱਚ ਮੁਸਲਿਮ ਲੀਗ ਦੀ ਸਥਾਪਨਾ ਹੋਈ। ਉਸ ਸਮੇਂ ਅਲੀਗੜ੍ਹ ਮੁਸਲਿਮ ਕਾਲਜ ਦਾ ਪ੍ਰਿੰਸੀਪਲ ਮਿ. ਆਰਚਬਾਲਡ ਸੀ। ਉਹ ਇੱਕ ਚਲਾਕ ਵਿਅਕਤੀ ਸੀ। ਉਸ ਨੂੰ ਪਤਾ ਲੱਗਾ ਕਿ ਜੇਕਰ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਫੁੱਟ ਪੈ ਗਈ ਤਾਂ ਇਸ ਦਾ ਸਭ ਤੋਂ ਵੱਧ ਲਾਭ ਅੰਗਰੇਜ਼ਾਂ ਨੂੰ ਹੋਵੇਗਾ। ਮੁਸਲਿਮ ਲੀਗ ਨੇ ਆਪਣੇ ਲਈ ਵਿਧਾਨ ਸਭਾ ਵਿੱਚ ਅਲੱਗ ਸੀਟਾਂ ਰੱਖਣ ਦੀ ਮੰਗ ਕੀਤੀ। ਇਸ ਰਾਖਵੇਂਕਰਨ ਦੀ ਨੀਤੀ ਨੂੰ ਤਿਆਰ ਕਰਕੇ ਉਹ ਅੰਗਰੇਜ਼ਾਂ ਕੋਲ ਗਏ। ਬ੍ਰਿਟਿਸ਼ ਸਰਕਾਰ ਨੇ ਉਨ੍ਹਾਂ ਦੀ ਇਸ ਨੀਤੀ ਨੂੰ ਸਵੀਕਾਰ ਕਰ ਲਿਆ ਅਤੇ ਨਾਲ ਹੀ ਉਨ੍ਹਾਂ ਨੇ ਕਿਹਾ ਕਿ ਇੱਕ ਨਵਾਂ ਕਾਨੂੰਨ ਤਿਆਰ ਕੀਤਾ ਜਾਵੇ, ਜਿਸ ਦੇ ਅਨੁਸਾਰ ਇਹ ਨਿਸ਼ਚਿਤ ਹੋਵੇ ਕਿ ਜਿੱਥੇ ਸਿੱਖ ਅਤੇ ਹਿੰਦੂ ਦੋਵੇਂ ਹੋਣਗੇ, ਉੱਥੇ ਮੁਸਲਮਾਨ ਅਲੱਗ ਚੋਣਾਂ ਲੜ ਸਕਦੇ ਹਨ। ਮੁਸਲਿਮ ਲੀਗ ਦੀ ਇਸ ਮੰਗ ਨੂੰ ਵੀ 1909 ਈ. ਦੇ ਐਕਟ ਦੇ ਪਾਸ ਹੋਣ ਲਈ ਜ਼ਿੰਮੇਵਾਰ ਕਾਰਨ ਮੰਨਿਆ ਜਾਂਦਾ ਹੈ।[7]

**ਪ੍ਰੈੱਸ ਦੀ ਭੂਮਿਕਾ-** ਪੜ੍ਹੇ-ਲਿਖੇ ਵਰਗ ਨੇ ਬ੍ਰਿਟਿਸ਼ ਰਾਜ ਦੀ ਪ੍ਰੈੱਸ ਰਾਹੀਂ ਆਲੋਚਨਾ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਦੀਆਂ ਨੀਤੀਆਂ, ਭਾਰਤੀਆਂ ਦਾ ਸ਼ੋਸ਼ਣ, ਕਿਸਾਨਾਂ ਅਤੇ ਮਜ਼ਦੂਰਾਂ ਦੀ ਸਥਿਤੀ, ਪੈਸੇ ਦੇ ਖ਼ਰਚ ਆਦਿ ਬਾਰੇ ਖੁੱਲ੍ਹ ਕੇ ਇਸ ਵਰਗ ਨੇ ਅਖ਼ਬਾਰਾਂ ਅਤੇ ਮੈਗਜ਼ੀਨਾਂ ਰਾਹੀਂ ਆਲੋਚਨਾ ਕੀਤੀ। ਇਸ ਸਭ ਦੇ ਬਾਰੇ ਹੁਣ ਭਾਰਤੀ ਲੋਕਾਂ ਨੂੰ ਪਤਾ ਲੱਗਣਾ ਸ਼ੁਰੂ ਹੋ ਗਿਆ ਅਤੇ ਪੜ੍ਹੇ-ਲਿਖੇ ਵਰਗ ਨੇ ਬ੍ਰਿਟਿਸ਼ ਸਰਕਾਰ ਤੋਂ ਭਾਰਤੀਆਂ ਦੀਆਂ ਮੰਗਾਂ ਬਾਰੇ ਲਿਖਣਾ ਸ਼ੁਰੂ ਕਰ ਦਿੱਤਾ।[8]

**ਇੰਗਲੈਂਡ ਦੀ ਪਾਰਲੀਮੈਂਟ ਵਿੱਚ ਨਵੀਂ ਸਰਕਾਰ ਦਾ ਬਣਨਾ-** ਇਸ ਸਮੇਂ ਇੰਗਲੈਂਡ ਵਿੱਚ ਲੇਬਰ ਪਾਰਟੀ ਦੀ ਨਵੀਂ ਸਰਕਾਰ ਬਣੀ, ਜਿਸ ਨਾਲ ਇੰਗਲੈਂਡ ਦੀ ਪਾਰਲੀਮੈਂਟ ਵਿੱਚ ਬਦਲਾਅ ਹੋਇਆ। ਲੇਬਰ ਪਾਰਟੀ ਸ਼ੁਰੂ ਤੋਂ ਹੀ ਭਾਰਤੀ ਲੋਕਾਂ ਦੇ ਪ੍ਰਤੀ ਵਿਵਹਾਰ ਵਧੀਆ ਰੱਖਦੀ ਸੀ। ਇਸ ਲਈ ਲੇਬਰ ਪਾਰਟੀ ਨੇ ਭਾਰਤੀਆਂ ਦੀ ਪੈਰਵਾਈ ਕਰਨੀ ਅਤੇ ਨਵੇਂ ਕਾਨੂੰਨ ਬਣਾਉਣੇ ਸ਼ੁਰੂ ਕਰ ਦਿੱਤੇ। ਇੰਗਲੈਂਡ ਦੀ ਪਾਰਲੀਮੈਂਟ ਵਿੱਚ ਨਵੀਂ ਸਰਕਾਰ ਦੇ ਬਣ ਜਾਣ ਨੂੰ ਵੀ 1909 ਈ. ਦੇ ਐਕਟ ਦੇ ਪਾਸ ਹੋਣ ਲਈ ਜ਼ਿੰਮੇਵਾਰ ਕਾਰਨ ਮੰਨਿਆ ਜਾਂਦਾ ਹੈ।

## 1909 ਈ. ਦੇ ਐਕਟ ਦੀਆਂ ਵਿਸ਼ੇਸ਼ਤਾਈਆਂ

1892 ਈ. ਦੇ ਐਕਟ ਅਨੁਸਾਰ ਕੇਂਦਰੀ ਲੈਜਿਸਲੇਟਿਵ ਕੌਂਸਿਲ ਵਿੱਚ ਵਾਧੂ ਮੈਂਬਰਾਂ ਦੀ ਗਿਣਤੀ 16 ਸੀ, ਜੋ ਕਿ 1909 ਈ. ਦੇ ਐਕਟ ਅਨੁਸਾਰ ਵਧਾ ਕੇ 60 ਕਰ ਦਿੱਤੀ ਗਈ। ਜਿਸ ਨਾਲ ਕੌਂਸਿਲ ਦੇ ਕੁੱਲ ਮੈਂਬਰਾਂ ਦੀ ਗਿਣਤੀ 69 ਹੋ ਗਈ। 69 ਮੈਂਬਰਾਂ 'ਚੋਂ 37 ਮੈਂਬਰ ਸਰਕਾਰੀ ਅਤੇ 32 ਮੈਂਬਰ ਗ਼ੈਰ-ਸਰਕਾਰੀ ਸਨ। ਪ੍ਰਾਂਤਕ ਲੈਜਿਸਲੇਟਿਵ ਕੌਂਸਿਲਾਂ ਦੇ ਮੈਂਬਰਾਂ ਦੀ ਗਿਣਤੀ ਵਿੱਚ ਵੀ ਵਾਧਾ ਕਰ ਦਿੱਤਾ ਗਿਆ। ਬੰਗਾਲ, ਮਦਰਾਸ, ਬੰਬਈ, ਯੂ.ਪੀ., ਪੰਜਾਬ ਅਤੇ ਬਰਮਾ ਆਦਿ ਸਾਰੇ ਪ੍ਰਾਂਤਾਂ ਵਿੱਚ ਮੈਂਬਰਾਂ ਦੀ ਗਿਣਤੀ ਵਧਾ ਦਿੱਤੀ ਗਈ। ਇਸ ਐਕਟ ਅਨੁਸਾਰ ਪ੍ਰਾਂਤਕ ਲੈਜਿਸਲੇਟਿਵ ਦੇ ਅੰਦਰ ਸਰਕਾਰੀ ਅਤੇ ਗ਼ੈਰ-ਸਰਕਾਰੀ ਦੋਨੋਂ ਹੀ ਮੈਂਬਰ ਹੋਣਗੇ। 1909 ਈ. ਦੇ ਐਕਟ ਅਨੁਸਾਰ ਮੁਸਲਮਾਨਾਂ ਲਈ ਸੰਪਰਦਾਇਕ ਚੋਣ-ਪ੍ਰਣਾਲੀ ਦੀ ਵਿਵਸਥਾ ਕੀਤੀ ਗਈ। ਇਸ ਐਕਟ ਦੀ ਸਭ ਤੋਂ ਮੁੱਖ ਵਿਸ਼ੇਸ਼ਤਾ ਇਹ ਸੀ ਕਿ ਭਾਰਤੀਆਂ ਨੂੰ ਵਾਇਸਰਾਏ ਦੀ ਕੌਂਸਿਲ ਅਤੇ ਇੰਡੀਆ ਕੌਂਸਿਲ ਵਿੱਚ ਪਹਿਲੀ ਵਾਰ ਸਥਾਨ ਦਿੱਤਾ ਗਿਆ।

## 1909 ਈ. ਦੇ ਐਕਟ ਦੀਆਂ ਤਰੁੱਟੀਆਂ ਅਤੇ ਮਹੱਤਤਾ

1909 ਈ. ਦਾ ਐਕਟ ਭਾਰਤੀਆਂ ਦੀਆਂ ਮੰਗਾਂ ਭਾਵ ਕਿ ਜੋ ਮੰਗਾਂ ਭਾਰਤੀ ਲੋਕ ਮੰਗ ਰਹੇ ਸਨ, ਉਨ੍ਹਾਂ ਨੂੰ ਕਿਸੇ

6 Ibid.
7 Sir Courtenay Ilbert, *The Government of India: Being a Digest of the Statute Law Relating Thereto*, Second Edition, Clarendon, Press, Oxford, 1907, p. 9.
8 R.C. Majumdar (General Editor) & A.K. Majumdar (Assistant Editor), *Struggle for Freedom: The History and Culture of the Indian People*, Volume XI, Bharatiya Vidya Bhavan, Mumbai, pp. 133-134.

ਵੀ ਤਰ੍ਹਾਂ ਨਾਲ ਪੂਰਾ ਨਾ ਕਰ ਸਕਿਆ। ਪੀ.ਈ. ਰਾਬਰਟਸ ਦੇ ਕਥਨ ਅਨੁਸਾਰ, "ਮਿੰਟੋ-ਮਾਰਲੇ ਸੰਵਿਧਾਨ ਕੇਵਲ ਇੱਕ ਅਧੂਰਾ ਯਤਨ ਸਿੱਧ ਹੋਇਆ।" ਇਸ ਐਕਟ ਨੇ ਭਾਰਤੀ ਰਾਸ਼ਟਰੀ ਏਕਤਾ ਨੂੰ ਇੱਕ ਭਾਰੀ ਸੱਟ ਮਾਰੀ। ਇਸ ਐਕਟ ਰਾਹੀਂ ਮੁਸਲਮਾਨ ਵਰਗ ਨੂੰ ਲਾਭ ਮਿਲਿਆ। ਉਨ੍ਹਾਂ ਨੂੰ ਵਿਸ਼ੇਸ਼ ਰਿਆਇਤਾਂ ਦਿੱਤੀਆਂ ਗਈਆਂ, ਜਿਸ ਕਰਕੇ ਮੁਸਲਮਾਨ ਲੋਕ ਬਾਕੀ ਲੋਕਾਂ ਤੋਂ ਵੱਖ ਹੋ ਕੇ ਸਰਕਾਰ ਨਾਲ ਮਿਲਕੇ ਚੱਲਣ ਲੱਗੇ। ਇਸ ਐਕਟ ਰਾਹੀਂ ਕੌਂਸਿਲਾਂ ਦੇ ਮੈਂਬਰਾਂ ਦੀ ਚੋਣ ਲਈ ਅਪ੍ਰਤੱਖ ਚੋਣ-ਪ੍ਰਣਾਲੀ ਦੀ ਵਿਵਸਥਾ ਕੀਤੀ ਗਈ, ਜੋ ਕਿ ਦੋਸ਼-ਪੂਰਨ ਸੀ। ਵੋਟ ਦਾ ਅਧਿਕਾਰ ਬਹੁਤ ਘੱਟ ਪੜ੍ਹੇ-ਲਿਖੇ ਲੋਕਾਂ ਨੂੰ ਹੀ ਦਿੱਤਾ ਗਿਆ। ਲੈਜਿਸਲੇਟਿਵ ਕੌਂਸਿਲਾਂ ਵਿੱਚ ਬਹੁਤ ਸਾਰੇ ਸਰਕਾਰੀ ਮੈਂਬਰ ਰੱਖੇ ਗਏ। ਇਸ ਐਕਟ ਰਾਹੀਂ ਭਾਰਤ ਵਿੱਚ ਸੰਸਦੀ ਸਰਕਾਰ ਦੀ ਸਥਾਪਨਾ ਨਾ ਕੀਤੀ ਗਈ। ਅਨੇਕਾਂ ਭਾਰਤੀਆਂ ਦੀ ਮੰਗ ਇਹ ਸੀ ਕਿ ਭਾਰਤ ਵਿੱਚ ਜ਼ਿੰਮੇਵਾਰ ਸਰਕਾਰ ਸਥਾਪਿਤ ਕੀਤੀ ਜਾਵੇ ਪਰ ਇਸ ਐਕਟ ਵਿੱਚ ਇਸ ਮੰਗ 'ਤੇ ਕਿਸੇ ਕਿਸਮ ਦਾ ਕੋਈ ਅਮਲ ਨਾ ਕੀਤਾ ਗਿਆ। ਲਾਰਡ ਮਾਰਲੇ ਨੇ 17 ਦਸੰਬਰ, 1908 ਈ. ਨੂੰ ਹਾਊਸ ਆਫ਼ ਲਾਰਡਜ਼ ਵਿੱਚ ਭਾਸ਼ਣ ਦਿੰਦੇ ਹੋਏ ਆਪ ਸਪੱਸ਼ਟ ਸ਼ਬਦਾਂ ਵਿੱਚ ਕਿਹਾ, "ਜੇ ਇਹ ਸਮਝਿਆ ਜਾਏ ਕਿ ਮੈਂ ਭਾਰਤ ਵਿੱਚ ਸੰਸਦੀ ਸਰਕਾਰ ਸਥਾਪਿਤ ਕਰਨ ਦੇ ਯਤਨ ਕਰ ਰਿਹਾ ਹਾਂ ਜਾਂ ਮੇਰੇ ਇਨ੍ਹਾਂ ਸੁਧਾਰਾਂ ਦਾ ਮੰਤਵ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਅਵੱਸ਼ ਹੀ ਭਾਰਤ ਨੂੰ ਸੰਸਦੀ ਸਰਕਾਰ ਵੱਲ ਲੈ ਜਾਣਾ ਹੈ, ਤਾਂ ਇਹ ਭੁੱਲ ਹੋਵੇਗੀ।"

**ਸਿੱਟਾ:-** ਅਖ਼ੀਰ ਵਿੱਚ ਜੇਕਰ ਦੇਖਿਆ ਜਾਵੇ ਤਾਂ 1909 ਈ. ਦਾ ਐਕਟ 1892 ਈ. ਦੇ ਐਕਟ ਨਾਲੋਂ ਭਾਰਤੀਆਂ ਲਈ ਲਾਭਦਾਇਕ ਜ਼ਰੂਰ ਰਿਹਾ ਪਰ ਫਿਰ ਵੀ ਪੂਰੀ ਤਰ੍ਹਾਂ ਨਾਲ ਭਾਰਤੀਆਂ ਦੀਆਂ ਉਮੀਦਾਂ 'ਤੇ ਖ਼ਰਾ ਨਾ ਉਤਰ ਸਕਿਆ, ਜਿਸ ਕਰਕੇ ਭਾਰਤੀ ਲੋਕ 1909 ਈ. ਦੇ ਐਕਟ ਤੋਂ 1892 ਈ. ਦੇ ਐਕਟ ਵਾਂਗ ਪੂਰੀ ਤਰ੍ਹਾਂ ਨਾਲ ਸੰਤੁਸ਼ਟ ਨਾ ਹੋਏ। ਅਸਲ ਵਿੱਚ ਗੱਲ ਇਹ ਹੈ ਕਿ 1909 ਈ. ਦੇ ਐਕਟ ਰਾਹੀਂ ਕੀਤੇ ਗਏ ਮਹੱਤਵਪੂਰਨ ਸੁਧਾਰ ਭਾਰਤੀਆਂ ਦੀਆਂ ਉਮੀਦਾਂ ਤੋਂ ਬਹੁਤ ਘੱਟ ਸਨ। ਇਸ ਐਕਟ ਨਾਲ ਬਹੁਤ ਸਾਰੇ ਭਾਰਤੀਆਂ ਨੂੰ ਲੈਜਿਸਲੇਟਿਵ ਕੌਂਸਿਲਾਂ ਦੇ ਮੈਂਬਰ ਬਣਨ ਦਾ ਮੌਕਾ ਮਿਲਿਆ। ਉਨ੍ਹਾਂ ਨੇ ਕੌਂਸਿਲਾਂ ਦੇ ਕਾਰਜਾਂ ਵਿੱਚ ਬਹੁਤ ਰੁਚੀ ਲਈ ਅਤੇ ਆਪਣੀ ਯੋਗਤਾ ਅਤੇ ਸਿਆਣਪ ਦੇ ਸਬੂਤ ਦਿੱਤੇ। ਪਹਿਲੀ ਵਾਰ ਦੋ ਭਾਰਤੀਆਂ ਨੂੰ ਸੈਕਰੇਟਰੀ ਆਫ਼ ਸਟੇਟ ਦੀ ਕੌਂਸਿਲ ਦੀ ਅਤੇ ਇੱਕ ਭਾਰਤੀ ਨੂੰ ਗਵਰਨਰ ਜਨਰਲ ਦੀ ਕੌਂਸਿਲ ਦੀ ਮੈਂਬਰੀ ਪ੍ਰਾਪਤ ਹੋਈ। ਮੁੱਕਦੀ ਗੱਲ ਇਹ ਹੈ ਕਿ ਭਾਰਤੀ ਲੋਕਾਂ ਨੂੰ ਪੂਰੇ ਹੱਕ ਇਸ ਐਕਟ ਰਾਹੀਂ ਵੀ ਪ੍ਰਾਪਤ ਨਾ ਹੋਏ, ਜਿਸ ਕਰਕੇ ਇਸ ਐਕਟ ਦੇ ਮਗਰੋਂ ਵੀ ਭਾਰਤੀਆਂ ਨੇ ਰਾਸ਼ਟਰੀ ਅੰਦੋਲਨ ਜਾਰੀ ਰੱਖਿਆ।